# ਪੰਜਾਬ ਸਕੂਲ ਸਿੱਖਿਆ ਬੋਰਡ

ਦਸਵੀਂ ਅਤੇ ਬਾਰ੍ਹਵੀਂ ਪ੍ਰੀਖਿਆ ਮਾਰਚ/ਅਪ੍ਰੈਲ 2019 ਉੱਤਰ ਪੱਤਰੀਆਂ ਦੇ ਪੈਕਟ ਟਰੱਕਾਂ/ਗੱਡੀਆਂ ਰਾਹੀਂ ਇਕੱਤਰ ਕੇਂਦਰਾਂ ਤੋਂ ਲਿਆਉਣ ਅਤੇ ਮਾਰਕਿੰਗ ਕੇਂਦਰਾਂ ਤੇ ਭੇਜਣ ਲਈ ਸ਼ਡਿਊਲ ਹੇਠ ਲਿਖੇ ਅਨੁਸਾਰ ਹੈ:-

| ਲੜੀ ਨੰ | ਪ੍ਰੀਖਿਆ ਦੀ ਮਿਤੀ | ਦਸਵੀਂ ਜਮਾਤ ਦੇ ਵਿਸ਼ੇ | ਬਾਰ੍ਹਵੀਂ ਜਮਾਤ ਦੇ ਵਿਸ਼ੇ | ਇਕੱਤਰ ਕੇਂਦਰ ਤੋਂ ਪੈਕਟ ਚੁਕਾਣ ਦੀ ਮਿਤੀ | ਡਿਸਪੈਚ ਦੀ ਮਿਤੀ | ਵਿਸ਼ੇਸ਼ ਕਥਨ (ਡਿਸਪੈਚ ਲੈ ਕੇ ਜਾਣ ਵਾਲਾ ਕਰਮਚਾਰੀ) |
|---|---|---|---|---|---|---|
| 1 | 01/03/19 | | ਜਨਰਲ ਪੰਜਾਬੀ, ਪੰਜਾਬ ਹਿਸਟਰੀ ਐਂਡ ਕਲਚਰ | 1-3-19 | 8-3-19 | ਇੱਕ ਕਰਮਚਾਰੀ ਡਿਸਪੈਚ ਲੈ ਕੇ ਜਾਵੇਗਾ ਅਤੇ ਦੂਜਾ ਕਰਮਚਾਰੀ ਇਕੱਤਰ ਕੇਂਦਰ ਤੋਂ ਮਿਤੀ 6, 7 ਅਤੇ 8-3-19 ਦੀਆਂ ਉੱਤਰ-ਪੱਤਰੀਆਂ ਲੈ ਕੇ ਆਵੇਗਾ। |
| 2 | 05/03/19 | | ਜਨਰਲ ਅੰਗਰੇਜ਼ੀ | 5-3-19 | 12-3-19 | ਇੱਕ ਕਰਮਚਾਰੀ ਡਿਸਪੈਚ ਲੈ ਕੇ ਜਾਵੇਗਾ ਅਤੇ ਦੂਜਾ ਕਰਮਚਾਰੀ ਇਕੱਤਰ ਕੇਂਦਰਾਂ ਤੋਂ ਮਿਤੀ 11, 12-3-19 ਦੀਆਂ ਉੱਤਰ-ਪੱਤਰੀਆਂ ਲੈ ਕੇ ਆਵੇਗਾ। |
| 3 | 06/03/19 | | ਪਬਲਿਕ ਐਡਮਨਿਸਟਰੇਸ਼ਨ, ਬਿਜਨਸ ਆਰਗੇਨਾਈਜੇਸ਼ਨ ਐਂਡ ਮੈਨੇਜਮੈਂਟ ਗੁਰਮਤਿ ਸੰਗੀਤ, ਸਾਇਕੋਲੋਜੀ, ਮਿਊਜਿਕ (ਵੋਕਲ) | 8-3-19 | 15-3-19 | ਇੱਕ ਕਰਮਚਾਰੀ ਡਿਸਪੈਚ ਲੈ ਕੇ ਜਾਵੇਗਾ ਅਤੇ ਦੂਜਾ ਕਰਮਚਾਰੀ ਇਕੱਤਰ ਕੇਂਦਰ ਤੋਂ ਮਿਤੀ 13, 14 ਅਤੇ 15-3-19 ਦੀਆਂ ਉੱਤਰ-ਪੱਤਰੀਆਂ ਲੈ ਕੇ ਆਵੇਗਾ |
| 4 | 07/03/19 | | ਫਿਲਾਸਫੀ, ਜੁਮੈਟਰੀਕਲ ਪ੍ਰਸਪੈਕਟਿਵ ਐਂਡ ਆਰਕੀਟੈਕਚਰਲ ਡਰਾਇੰਗ, ਬੁੱਕ ਕੀਪਿੰਗ ਐਂਡ ਅਕਾਊਂਟੈਂਸੀ, ਹਿਸਟਰੀ ਐਂਡ ਐਪਰੀਸੀਏਸ਼ਨ ਆਫ ਆਰਟਸ, ਐਜੂਕੇਸ਼ਨ | | | |
| 5 | 08/03/19 | | ਰਾਜਨੀਤੀ ਸ਼ਾਸਤਰ, ਫਿਜਿਕਸ, ਬਿਜਨਸ ਸਟੱਡੀਜ਼-II, ਐਗਰੀਕਲਚਰ ਗਰੁੱਪ, ਬਿਜਨਸ ਐਂਡ ਕਾਮਰਸ ਗਰੁੱਪ, ਹੋਮ ਸਾਇੰਸ ਗਰੁੱਪ ਅਤੇ ਇੰਜੀਨੀਅਰਿੰਗ ਐਂਡ ਟੈਕਨਾਲੋਜੀ ਗਰੁੱਪ ਇਸ ਮਿਤੀ ਦੇ ਸਾਰੇ ਵਿਸ਼ੇ। | | | |
| 6 | 11/03/19 | | ਡਾਂਸ, ਡਿਫੈਂਸ ਸਟੱਡੀਜ਼, ਐਗਰੀਕਲਚਰ | 12-3-19 | 18-3-19 | ਇੱਕ ਕਰਮਚਾਰੀ ਡਿਸਪੈਚ ਲੈ ਕੇ ਜਾਵੇਗਾ ਅਤੇ ਦੂਜਾ ਕਰਮਚਾਰੀ ਇਕੱਤਰ ਕੇਂਦਰ ਤੋਂ ਮਿਤੀ 16, 18-3-19 ਦੀਆਂ ਉੱਤਰ-ਪੱਤਰੀਆਂ ਲੈ ਕੇ ਆਵੇਗਾ। |
| 7 | 12/03/19 | | ਹਿਸਟਰੀ,ਕਮਿਸਟਰੀ, ਬਿਜਨਸ ਇਕਨਾਮਿਕਸ ਐਂਡ ਕੁਐਂਟੀਟੇਟਿਵ ਮੈਥਡਜ਼ II ,ਜਨਰਲ ਫਾਊਂਡੇਸ਼ਨ ਕੋਰਸ | | | |
| 8 | 13/03/19 | | ਸੋਸ਼ਿਆਲੋਜੀ | | | ਇੱਕ ਕਰਮਚਾਰੀ ਡਿਸਪੈਚ ਲੈ ਕੇ ਜਾਵੇਗਾ ਅਤੇ ਦੂਜਾ ਕਰਮਚਾਰੀ ਇਕੱਤਰ ਕੇਂਦਰ ਤੋਂ ਮਿਤੀ 19, 20 |
| 9 | 14/03/19 | | ਪੰਜਾਬੀ ਚੋਣਵੀ, ਹਿੰਦੀ ਚੋਣਵੀ, ਅੰਗਰੇਜ਼ੀ ਚੋਣਵੀ, ਉਰਦੂ | | | |

| | | | | | | |
|---|---|---|---|---|---|---|
| 10 | 15/03/19 | ਪੰਜਾਬੀ-ਏ, ਪੰਜਾਬ ਦਾ ਇਤਿਹਾਸ ਤੇ ਸਭਿਆਚਾਰ -ਏ | ਕੰਪਿਊਟਰ ਐਪਲੀਕੇਸ਼ਨ | 15-3-19 | 22-3-19 | ਅਤੇ 22-3-19 ਦੀਆਂ ਉੱਤਰ-ਪੱਤਰੀਆਂ ਲੈ ਕੇ ਆਵੇਗਾ। |
| 11 | 16/03/19 | ਸੰਗੀਤ ਤਬਲਾ ( ਕੇਵਲ ਨੇਤਰਹੀਣ,ਗੁੰਗੇ-ਬੋਲੇ ਅਤੇ ਓਪਨ ਸਕੂਲ ਪ੍ਰੀਖਿਆਰਥੀਆ ਦਾ ਹੀ ਪੇਪਰ ਇੱਕਤਰ ਕਰਨਾ ਹੈ।) | ਵਾਤਾਵਰਣ ਸਿੱਖਿਆ, | | 26-3-19 | ਇੱਕ ਕਰਮਚਾਰੀ ਡਿਸਪੈਚ ਲੈ ਕੇ ਜਾਵੇਗਾ ਅਤੇ ਦੂਜਾ ਕਰਮਚਾਰੀ ਇਕੱਤਰ ਕੇਂਦਰ ਤੋਂ ਮਿਤੀ 25, 26-3-19 ਦੀਆਂ ਉੱਤਰ-ਪੱਤਰੀਆਂ ਲੈ ਕੇ ਆਵੇਗਾ। |
| 12 | 18/03/19 | ਅੰਗਰੇਜ਼ੀ | ਫਿਜੀਕਲ ਐਜੂਕੇਸ਼ਨ ਐਂਡ ਸਪੋਰਟਸ | 18-3-19 | 27-3-19 | ਇੱਕ ਕਰਮਚਾਰੀ ਡਿਸਪੈਚ ਲੈ ਕੇ ਜਾਵੇਗਾ ਅਤੇ ਦੂਜਾ ਕਰਮਚਾਰੀ ਇਕੱਤਰ ਕੇਂਦਰ ਤੋਂ ਮਿਤੀ 27-3-19 ਦੀਆਂ ਉੱਤਰ-ਪੱਤਰੀਆਂ ਲੈ ਕੇ ਆਵੇਗਾ। |
| 13 | 19/03/19 | ਪੰਜਾਬੀ-ਬੀ, ਪੰਜਾਬ ਦਾ ਇਤਿਹਾਸ ਤੇ ਸੱਭਿਆਚਾਰ -ਬੀ | ਐਨ. ਐਸ ਕਿਊ. ਐਫ ਵਿਸ਼ੇ:- ਸੰਗਠਿਤ ਪ੍ਰਚੂਨ (196), ਆਟੋਮੋਬਾਈਲ ਦੀ ਰੋਚਿਕ ਦੁਨੀਆਂ (197), ਸਿਹਤ ਸੰਭਾਲ (198), ਸੂਚਨਾ ਤਕਨਾਲੋਜੀ (199), ਨਿੱਜੀ ਸੁਰੱਖਿਆ (200), ਖੂਬਸੂਰਤੀ ਤੇ ਤੰਦਰੁਸਤੀ(201), ਯਾਤਰਾ ਤੇ ਸੈਰ-ਸਪਾਟਾ (202), ਸਰੀਰਕ ਸਿੱਖਿਆ ਅਤੇ ਖੇਡਾਂ (203), ਖੇਤੀਬਾੜੀ(204),ਹੈਂਡਸ ਆਨ ਟਰੇਨਿੰਗ(205) (ਪੇਪਰ ਇੱਕਤਰ ਕਰਨੇ ਹਨ।) | | 29-3-19 | ਇੱਕ ਕਰਮਚਾਰੀ ਡਿਸਪੈਚ ਲੈ ਕੇ ਜਾਵੇਗਾ ਅਤੇ ਦੂਜਾ ਕਰਮਚਾਰੀ ਇਕੱਤਰ ਕੇਂਦਰ ਤੋਂ ਮਿਤੀ 28, 29-3-19 ਦੀਆਂ ਉੱਤਰ-ਪੱਤਰੀਆਂ ਲੈ ਕੇ ਆਵੇਗਾ। |
| 14 | 20/03/19 | ਸੰਗੀਤ ਵਾਦਨ ( ਕੇਵਲ ਨੇਤਰਹੀਣ,ਗੁੰਗੇ-ਬੋਲੇ ਅਤੇ ਓਪਨ ਸਕੂਲ ਪ੍ਰੀਖਿਆਰਥੀਆ ਦਾ ਹੀ ਪੇਪਰ ਇੱਕਤਰ ਕਰਨਾ ਹੈ।) | ਰਿਲੀਜਨ, ਮਿਊਜ਼ਿਕ ਇਸਟਰੂਮੈਂਟਲ, ਰੂਰਲ ਡਿਵੈਲਪਮੈਂਟ ਐਂਡ ਇਨਵਾਇਰਮੈਂਟ, ਸੰਸਕ੍ਰਿਤ, ਚੋਣਵੀਆਂ ਭਾਸ਼ਾਵਾ, ਮੀਡੀਆ ਸਟੱਡੀਜ , ਬਾਇਲੋਜੀ, ਐਲੀਮੈਂਟਸ ਆਫ ਇਲੈਕਟ੍ਰੋਨਿਕਸ ਇੰਜੀ, ਐਲੀਮੈਂਟਸ ਆਫ ਬਿਲਡਿੰਗ ਕੰਸਟਰਕਸ਼ਨ, ਅਕਾਊਂਟੇਸੀ ।।,ਐਲੀਮੈਂਟਸ ਆਫ ਮਕੈਨੀਕਲ ਇੰਜੀ, ਐਲੀਮੈਂਟਸ ਆਫ ਇਲੈਕਟ੍ਰੀਕਲ ਇੰਜੀ, ਇੰਜੀਨੀਅਰਿੰਗ ਡਰਾਇੰਗ, ਐਗਰੀਕਲਚਰ ਗਰੁੱਪ, ਬਿਜਨਸ ਐਂਡ ਕਾਮਰਸ ਗਰੁੱਪ, ਹੋਮ ਸਾਇੰਸ ਗਰੁੱਪ ਅਤੇ ਇੰਜੀਨੀਅਰਿੰਗ ਐਂਡ ਟੈਕਨਾਲੋਜੀ ਗਰੁੱਪ ਇਸ ਮਿਤੀ ਦੇ ਸਾਰੇ ਵਿਸ਼ੇ। | 22-3-19 | 2-4-19 | ਇੱਕ ਕਰਮਚਾਰੀ ਡਿਸਪੈਚ ਲੈ ਕੇ ਜਾਵੇਗਾ ਅਤੇ ਦੂਜਾ ਕਰਮਚਾਰੀ ਇਕੱਤਰ ਕੇਂਦਰ ਤੋਂ ਮਿਤੀ 30-3-19, 1-4-19 ਅਤੇ 2-4-19 ਦੀਆ ਉੱਤਰ-ਪੱਤਰੀਆਂ ਲੈ ਕੇ ਆਵੇਗਾ। |
| 15 | 22/03/19 | ਗਣਿਤ | ਹੋਮ ਸਾਇੰਸ | | | |

| | | | | | | |
|---|---|---|---|---|---|---|
| 16 | 25/03/19 | ਵਿਗਿਆਨ | ਇਕਨਾਮਿਕਸ,ਫੰਡਾਮੈਂਟਲਜ਼ ਆਫ ਈ ਬਿਜਨਸ | 26-3-19 | 5-4-19 | ਇੱਕ ਕਰਮਚਾਰੀ ਡਿਸਪੈਚ ਲੈ ਕੇ ਜਾਵੇਗਾ। |
| 17 | 26/03/19 | ਐਨ. ਐਸ ਕਿਊ. ਐਫ ਵਿਸ਼ੇ- ਸੰਗਠਿਤ ਪ੍ਰਚੂਨ (76), ਆਟੋਮੋਬਾਈਲ ਦੀ ਰੋਚਿਕ ਦੁਨੀਆਂ (78), ਸਿਹਤ ਸੰਭਾਲ (79), ਸੂਚਨਾ ਤਕਨਾਲੋਜੀ (80), ਨਿੱਜੀ ਸੁਰੱਖਿਆ (81), ਖੂਬਸੂਰਤੀ ਤੇ ਤੰਦਰੁਸਤੀ(82), ਯਾਤਰਾ ਤੇ ਸੈਰ-ਸਪਾਟਾ (86), ਸਰੀਰਕ ਸਿੱਖਿਆ ਅਤੇ ਖੇਡਾਂ (87), ਖੇਤੀਬਾੜੀ(88), ਪੇਪਰ ਇੱਕਤਰ ਕਰਨੇ ਹਨ।) | ਮਿਊਜ਼ਿਕ ਤਬਲਾ ਐਗਰੀਕਲਚਰ ਗਰੁੱਪ, ਬਿਜਨਸ ਐਂਡ ਕਾਮਰਸ ਗਰੁੱਪ, ਹੋਮ ਸਾਇੰਸ ਗਰੁੱਪ ਅਤੇ ਇੰਜੀਨੀਅਰਿੰਗ ਐਂਡ ਟੈਕਨਾਲੋਜੀ ਗਰੁੱਪ ਇਸ ਮਿਤੀ ਦੇ ਸਾਰੇ ਵਿਸ਼ੇ। | | | |
| 18 | 27/03/19 | ਹਿੰਦੀ, ਉਰਦੂ (ਹਿੰਦੀ ਦੀ ਥਾਂ) | ਕੰਪਿਊਟਰ ਸਾਇੰਸ | 27-3-19 | 8-4-19 | ਇੱਕ ਕਰਮਚਾਰੀ ਡਿਸਪੈਚ ਲੈ ਕੇ ਜਾਵੇਗਾ। |
| 19 | 28/03/19 | ਕੰਪਿਊਟਰ ਸਾਇੰਸ ਰੈਗੂਲਰ ਅਤੇ ਓਪਨ ਸਕੂਲ ਦੇ ਸਾਰੇ ਪ੍ਰੀਖਿਆਰਥੀਆਂ ਦਾ ਪੇਪਰ ਇਕੱਤਰ ਕਰਨਾ ਹੈ। | | 29-3-19 | 12-4-19 | ਇੱਕ ਕਰਮਚਾਰੀ ਡਿਸਪੈਚ ਲੈ ਕੇ ਜਾਵੇਗਾ। |
| 20 | 29/03/19 | ਮਕੈਨੀਕਲ ਡਰਾਇੰਗ ਅਤੇ ਚਿੱਤਰਕਲਾ,ਕਟਾਈ ਅਤੇ ਸਿਲਾਈ, ਖੇਤੀ ਬਾੜੀ, ਸੰਗੀਤ ਗਾਇਨ , ਗ੍ਰਹਿ ਵਿਗਿਆਨ ਸਿਹਤ ਵਿਗਿਆਨ, ਚੋਣਵੀਂ ਭਾਸ਼ਾਵਾਂ ਅਤੇ ਇਸ ਮਿਤੀ ਦੇ ਸਾਰੇ ਪ੍ਰੀ-ਵੋਕੇਸ਼ਨਲ ਵਿਸ਼ੇ(ਵਾਧੂ ਵਿਸ਼ਾ,ਦਰਜਾ ਵਧਾਉਣ ਅਤੇ ਓਪਨ ਸਕੂਲ ਦੇ ਪ੍ਰੀਖਿਆਰਥੀਆਂ ਦੇ ਪੇਪਰ ਇਕੱਤਰ ਕਰਨੇ ਹਨ) | ਗਣਿਤ, | | | |
| 21 | 30/03/19 | ਸੰਗੀਤ ਗਾਇਨ | | 2-4-19 | 15-4-19 | ਇੱਕ ਕਰਮਚਾਰੀ ਡਿਸਪੈਚ ਲੈ ਕੇ ਜਾਵੇਗਾ। |
| 22 | 1-4-19 | ਸਮਾਜਿਕ ਵਿਗਿਆਨ | ਜੋਗਰਫੀ (042) | | | |
| 23 | 2-4-19 | ਸਿਹਤ ਤੇ ਸਰੀਰਕ ਸਿੱਖਿਆ (03) ਓਪਨ ਸਕੂਲ ਦੇਪ੍ਰੀਖਿਆਰਥੀਆਂ ਦਾ ਪੇਪਰ ਇਕੱਤਰ ਕਰਨਾ ਹੈ। | | | | |

ਨੋਟ:-ਬਾਰ੍ਹਵੀਂ ਸ਼੍ਰੇਣੀ ਦੇ ਗਣਿਤ ਅਤੇ ਜੋਗਰਫੀ ਵਿਸ਼ਿਆਂ ਦੀ ਡਿਸਪੈਚ ਕੰਪਿਊਟਰ ਸਾਇੰਸ ਵਿਸ਼ੇ ਦੇ ਨਾਲ ਮਿਤੀ 08-04-2019 ਨੂੰ ਭੇਜੀ ਜਾਵੇਗੀ।

ਸਹਾਇਕ ਸਕੱਤਰ (ਗੁਪਤ-1)
ਪੰਜਾਬ ਸਕੂਲ ਸਿੱਖਿਆ ਬੋਰਡ,ਮੋਹਾਲੀ

ਵੱਲੋ

ਸਕੱਤਰ,
ਪੰਜਾਬ ਸਕੂਲ ਸਿੱਖਿਆ ਬੋਰਡ,
ਐਸ.ਏ.ਐਸ.ਨਗਰ (ਮੋਹਾਲੀ)।

ਵੱਲ

ਸਮੂਹ ਇਕੱਤਰ ਕੇਂਦਰ ਇੰਚਾਰਜ/ਜ਼ਿਲ੍ਹਾ ਮੈਨੇਜਰ,
........................................

ਨੰ: ਪਸਸਬ-ਸ.ਸ(ਗੁਪਤ-1) 2019/25083 ਮਿਤੀ ਮੋਹਾਲੀ 18-2-19

ਵਿਸ਼ਾ ਦਸਵੀਂ ਅਤੇ ਬਾਰ੍ਹਵੀਂ ਸਾਲਾਨਾ/ ਅਨੁਪੂਰਕ ਪ੍ਰੀਖਿਆ 2019 ਦੀਆਂ ਉੱਤਰ-ਪੱਤਰੀਆਂ ਅਤੇ ਹਸਤਾਖਰ ਚਾਰਟਾਂ ਦੇ ਪੈਕਟ ਭੇਜਣ ਬਾਰੇ।

ਵਿਸ਼ੇ ਅਧੀਨ ਦਰਸਾਈਆਂ ਪ੍ਰੀਖਿਆਵਾਂ ਮਿਤੀ ਬਾਰ੍ਹਵੀ 1-3-19 ਦਸਵੀ 15-3-19 ਤੋਂ ਆਰੰਭ ਹੋ ਰਹੀਆਂ ਹਨ। ਇਹਨਾਂ ਪ੍ਰੀਖਿਆਵਾਂ ਨਾਲ ਸਬੰਧਤ ਕਾਰਜ ਸੰਚਾਲਨ ਸ਼ਾਖਾ ਵੱਲੋਂ ਜਾਰੀ ਹਦਾਇਤਾਂ ਅਨੁਸਾਰ:-

1. ਕੇਂਦਰ ਸੁਪਰਡੈਂਟਾਂ ਜਾਂ ਉਹਨਾਂ ਵੱਲੋਂ ਅਧਿਕਾਰਿਤ ਕਰਮਚਾਰੀਆ ਵੱਲੋਂ ਉੱਤਰ ਪੱਤਰੀਆਂ ਦੇ ਸੀਲ ਬੰਦ ਪੈਕਟ ਹਰ ਰੋਜ ਆਪ ਦੇ ਇਕੱਤਰ ਕੇਂਦਰ ਵਿਖੇ ਜਮ੍ਹਾਂ ਕਰਵਾਏ ਜਾਣੇ ਹਨ। ਕੇਂਦਰ ਸੁਪਰਡੈਂਟ ਵੱਲੋਂ ਅਧਿਕਾਰਤ ਕਰਮਚਾਰੀਆਂ ਤੋਂ ਉਸ ਦੇ ਅਧਿਕਾਰ ਪੱਤਰ ਲੈਣ ਉਪਰੰਤ ਉੱਤਰ-ਪੱਤਰੀਆਂ ਦੇ ਸੀਲ ਬੰਦ ਪੈਕਟ ਪ੍ਰਾਪਤ ਕੀਤੇ ਜਾਣ।
2. ਜੇਕਰ ਕਿਸੇ ਅਜਿਹੇ ਪ੍ਰੀਖਿਆ ਕੇਂਦਰ ਦਾ ਸੁਪਰਡੈਂਟ ਪੈਕਟ ਜਮ੍ਹਾਂ ਕਰਵਾਉਣ ਲਈ ਆਉਂਦਾ ਹੈ ਭਾਵੇਂ ਉਹ ਦੂਸਰੇ ਜਿਲ੍ਹੇ ਨਾਲ ਸੰਬੰਧਤ ਹੋਵੇ ਤਾਂ ਉਸ ਤੋਂ ਵੀ ਉੱਤਰ-ਪੱਤਰੀਆਂ ਦਾ ਪੈਕਟ ਪ੍ਰਾਪਤ ਕਰ ਲਿਆ ਜਾਵੇ ਅਤੇ ਅੱਗੇ ਤੋਂ ਬਾਕੀ ਰਹਿੰਦੇ ਪੇਪਰਾਂ ਦੇ ਪੈਕਟ ਵੀ ਸਮੇਂ ਸਿਰ ਇੱਥੇ ਹੀ ਜਮ੍ਹਾਂ ਕਰਵਾਉਣ ਦੀ ਹਦਾਇਤ ਕਰ ਦਿੱਤੀ ਜਾਵੇ।
3. ਯੂ.ਐਮ.ਸੀ. ਕੇਸਾਂ ਨਾਲ ਸੰਬੰਧਤ ਹਰੇ ਰੰਗ ਦੇ ਲਿਫਾਫੇ ਸੀਲ ਬੰਦ ਪ੍ਰਾਪਤ ਕੀਤੇ ਜਾਣ ਅਤੇ ਵੱਖਰੇ ਚਲਾਨ ਬਣਾਏ ਜਾਣ।
4. ਵਿਲੱਖਣ ਸਮਰੱਥਾ ਭਾਵ Hearing Impaired(HI), Mentally Retarded(MR) ਅਤੇ Visually Impaired(VI) ਪ੍ਰੀਖਿਆਰਥੀਆਂ ਨਾਲ ਸਬੰਧਤ ਉੱਤਰ-ਪੱਤਰੀਆਂ(ਪ੍ਰਸ਼ਨ ਪੱਤਰ DA ਕੋਡ) ਦੇ ਸੀਲਬੰਦ ਪੈਕਟ ਵੱਖਰੇ ਪ੍ਰਾਪਤ ਕੀਤੇ ਜਾਣ ਅਤੇ ਵੱਖਰਾ ਚਲਾਨ ਬਣਾਇਆ ਜਾਵੇ।
5. ਦਸਵੀਂ ਅਤੇ ਬਾਰ੍ਹਵੀਂ ਦੇ ਪੈਕਟਾਂ ਅਤੇ ਲਾਸਟ ਪੈਕਟਾਂ ਦੇ ਚਲਾਨ ਵੱਖਰੇ-ਵੱਖਰੇ ਬਣਾਏ ਜਾਣ।
6. ਉੱਤਰ-ਪੱਤਰੀਆਂ ਦੇ ਪੈਕਟ ਇਕੱਤਰ ਕਰਦੇ ਸਮੇਂ ਡੇਟਸ਼ੀਟ ਵਿੱਚ ਲਿਖੀਆਂ ਹਦਾਇਤਾਂ ਜ਼ਰੂਰ ਵਾਚ ਲਈਆਂ ਜਾਣ।
7. ਉੱਤਰ-ਪੱਤਰੀਆਂ ਦੇ ਸੀਲ ਬੰਦ ਪੈਕਟਾਂ ਦੇ ਨਾਲ ਸਬੰਧਤ ਵਿਸ਼ਿਆਂ ਦੇ ਹਸਤਾਖਰ ਚਾਰਟ ਵੀ ਨਾਲ ਦੀ ਨਾਲ ਹੀ ਪ੍ਰਾਪਤ ਕਰ ਲਏ ਜਾਣ।
8. ਇਹ ਯਕੀਨੀ ਬਣਾਇਆ ਜਾਵੇ ਕਿ ਜਦੋਂ ਤੱਕ ਟਰੱਕ ਵਿੱਚ ਸਾਰੇ ਪੈਕਟ ਲੋਡ ਨਹੀਂ ਹੋ ਜਾਂਦੇ, ਉਨੀ ਦੇਰ ਤੱਕ ਇਕੱਤਰ ਕੇਂਦਰ ਦੇ ਕਰਮਚਾਰੀ ਇਕੱਤਰ ਕੇਂਦਰ ਵਿਖੇ ਹਾਜ਼ਰ ਰਹਿਣਗੇ। ਕਿਸੇ ਵੀ ਪ੍ਰੀਖਿਆ ਕੇਂਦਰ ਦਾ ਕੋਈ ਵੀ ਪੈਕਟ ਇਕੱਤਰ ਕੇਂਦਰ ਵਿਖੇ ਕਿਸੇ ਵੀ ਹਾਲਤ ਵਿੱਚ ਨਹੀਂ ਰਹਿਣਾ ਚਾਹੀਦਾ।
9. ਜੇਕਰ ਕੋਈ ਪੈਕਟ ਗਲਤੀ ਨਾਲ ਇਕੱਤਰ ਕੇਂਦਰ ਵਿਖੇ ਰਹਿ ਜਾਂਦਾ ਹੈ ਤਾਂ ਉਸਦੀ ਸੂਚਨਾ ਨਿਮਨ ਹਸਤਾਖਰੀ ਨੂੰ ਤੁਰੰਤ ਦਿੱਤੀ ਜਾਵੇ ਅਤੇ ਇਸ ਪੈਕਟ ਬਾਰੇ ਇੰਚਾਰਜ ਇਕੱਤਰ ਕੇਂਦਰ ਸਪੱਸ਼ਟੀਕਰਨ ਦਿੰਦੇ ਹੋਏ ਨਿੱਜੀ ਤੌਰ ਤੇ ਪੈਕਟ ਮੁੱਖ ਦਫਤਰ ਜਮ੍ਹਾਂ ਕਰਵਾਉਣਗੇ।
10. ਪੈਕਟ ਲੈਣ ਆਏ ਕਰਮਚਾਰੀ ਨੂੰ ਪੈਕਟ ਸੌਂਪਣ ਤੋਂ ਪਹਿਲਾਂ ਉਸ ਦੇ ਦਸਤਾਵੇਜ਼ ਚੈੱਕ ਕਰ ਲਏ ਜਾਣ। ਕਰਮਚਾਰੀ ਨੂੰ ਚਲਾਨ ਦੀਆਂ ਦੋ ਤਸਦੀਕਸ਼ੁਦਾ ਪਰਤਾਂ ਦਿੱਤੀਆਂ ਜਾਣ।
11. ਉੱਤਰ-ਪੱਤਰੀਆਂ ਦਾ ਕੋਈ ਵੀ ਸਾਂਝਾ ਪੈਕਟ ਪ੍ਰਾਪਤ ਨਾ ਕੀਤਾ ਜਾਵੇ ਭਾਵ ਦਸਵੀਂ ਅਤੇ ਬਾਰ੍ਹਵੀਂ ਦੇ ਹਰ ਇੱਕ ਵਿਸ਼ੇ ਦੇ ਅਲੱਗ-ਅਲੱਗ ਸੀਲ ਬੰਦ ਪੈਕਟ ਪ੍ਰਾਪਤ ਕੀਤੇ ਜਾਣ ਅਜਿਹਾ ਨਾ ਕਰਨ ਦੀ ਸੂਰਤ ਵਿੱਚ ਸਾਰੀ ਜਿੰਮੇਵਾਰੀ ਤੁਹਾਡੀ ਹੋਵੇਗੀ।
12. ਹਰ ਪ੍ਰੀਖਿਆ ਕੇਂਦਰ ਤੋਂ ਉੱਤਰ-ਪੱਤਰੀਆਂ ਦੇ ਪੈਕਟ ਪ੍ਰਾਪਤ ਕਰਦੇ ਸਮੇਂ ਪੈਕਟਾਂ ਦੀ ਸੀਲ, ਕੇਂਦਰ ਦਾ ਨਾਂ, ਜ਼ਿਲ੍ਹਾ, ਪ੍ਰੀਖਿਆਰਥੀਆਂ ਦੀ ਗਿਣਤੀ, ਵਿਸ਼ਾ ਅਤੇ ਮਿਤੀ ਆਦਿ ਵਾਚਣ ਉਪਰੰਤ ਪ੍ਰਾਪਤ ਕਰਨ ਦੀ ਰਸੀਦ ਜਾਰੀ ਕਰ ਦਿੱਤੀ ਜਾਵੇ। ਸਾਰੇ ਕੰਮ ਲਈ ਪੂਰਾ ਸਹਿਯੋਗ ਦਿੱਤਾ ਜਾਵੇ। ਇਸ ਕੰਮ ਵਿੱਚ ਕਿਸੇ ਕਿਸਮ ਦੀ ਕੁਤਾਹੀ ਨਾ ਵਰਤੀ ਜਾਵੇ।
13. ਦਸਵੀਂ ਸ਼੍ਰੇਣੀ ਦੇ ਮਿਤੀ 26-3-19 ਅਤੇ 02-04-19 ਦੇ ਸਿਰਫ ਓਪਨ ਸਕੂਲ ਪ੍ਰਣਾਲੀ,ਵਾਧੂ ਵਿਸ਼ਾ ਕੈਟਾਗਰੀ ਅਤੇ ਡੀ.ਏ ਕੋਡ ਪ੍ਰਸ਼ਨ ਪੱਤਰਾਂ ਨਾਲ ਸਬੰਧਤ ਉੱਤਰ-ਪੱਤਰੀਆਂ ਹੀ ਇਕੱਤਰ ਕੇਂਦਰ ਤੇ ਜਮ੍ਹਾਂ ਕਰਵਾਈਆਂ ਜਾਣ।
14. ਬਾਰ੍ਹਵੀਂ ਸ਼੍ਰੇਣੀ ਦੇ ਸਾਰੇ ਵਿਸ਼ਿਆਂ ਦੀਆਂ ਉੱਤਰ-ਪੱਤਰੀਆਂ ਇਕੱਤਰ ਕੇਂਦਰ ਤੇ ਜਮ੍ਹਾਂ ਕਰਵਾਉਣੀਆਂ ਹਨ।

(ਦਸਤਖਤ)
ਸਹਾਇਕ ਸਕੱਤਰ (ਗੁਪਤ-1)
ਵਾ:ਸਕੱਤਰ,ਪੰਜਾਬ ਸਕੂਲ ਸਿੱਖਿਆ ਬੋਰਡ।

ਸਹਾਇਕ ਸਕੱਤਰ(ਦਸਵੀਂ)-0172-5227323
ਸਹਾਇਕ ਸਕੱਤਰ(ਬਾਰ੍ਹਵੀਂ)-0172-5227322

ਵੱਲੋਂ

ਸਕੱਤਰ,
ਪੰਜਾਬ ਸਕੂਲ ਸਿੱਖਿਆ ਬੋਰਡ,
ਮੋਹਾਲੀ।

ਵੱਲ

ਸਮੂਹ ਕੇਂਦਰ ਸੁਪਰਡੰਟ,

ਨੰ: ਪਸਸਬ-ਸ.ਸ(ਗੁਪਤ-1) 2019/ਸਪੈਸ਼ਲ 84704551
ਮਿਤੀ: ਐਸ. ਏ. ਐਸ. ਨਗਰ : 20-2-2019

ਵਿਸ਼ਾ:- ਦਸਵੀਂ/ਬਾਰ੍ਹਵੀਂ ਪ੍ਰੀਖਿਆ ਮਾਰਚ 2019 ਦੀਆਂ ਉੱਤਰ ਪੱਤਰੀਆਂ ਦੇ ਪੈਕਟ ਇਕੱਤਰ ਕੇਂਦਰ ਵਿਖੇ ਜਮ੍ਹਾਂ ਕਰਾਉਣ ਸਬੰਧੀ।

ਵਿਸ਼ੇ ਅਧੀਨ ਦਰਸਾਈਆਂ ਉੱਤਰ ਪੱਤਰੀਆਂ ਦੇ ਪੈਕਟ ਅਤੇ ਹਸਤਾਖਰ ਚਾਰਟ ਹੇਠ ਲਿਖੇ ਇਕੱਤਰ ਕੇਂਦਰਾਂ ਵਿਖੇ ਜਮ੍ਹਾਂ ਕਰਵਾਏ ਜਾਣੇ ਹਨ। ਸਮੂਹ ਕੇਂਦਰ ਸੁਪਰਡੰਟ ਸਾਹਿਬਾਨ ਆਪਣੇ ਪ੍ਰੀਖਿਆ ਕੇਂਦਰਾਂ ਦੀਆਂ ਉੱਤਰ ਪੱਤਰੀਆਂ ਦੇ ਸੀਲ ਬੰਦ ਪੈਕਟ ਅਤੇ ਹਸਤਾਖਰ ਚਾਰਟਾਂ ਦੇ ਪੈਕਟ ਰੋਜ਼ਾਨਾ ਪ੍ਰੀਖਿਆ ਵਾਲੇ ਦਿਨ ਪ੍ਰੀਖਿਆ ਸਮਾਪਤ ਹੋਣ ਤੋਂ ਤੁਰੰਤ ਬਾਅਦ ਪਿਛਲੇ ਪੰਨੇ ਤੇ ਦਰਜ ਹਦਾਇਤਾਂ ਦੀ ਪਾਲਣਾ ਕਰਦੇ ਹੋਏ ਜਮ੍ਹਾਂ ਕਰਵਾਉਣਗੇ।

| ਲੜੀ ਨੰ: | ਇਕੱਤਰ ਕੇਂਦਰ ਦਾ ਨਾਂ | ਲੜੀ ਨੰ: | ਇਕੱਤਰ ਕੇਂਦਰ ਦਾ ਨਾਂ |
|---|---|---|---|
| 1 | ਸਰਕਾਰੀ ਸੀਨੀ. ਸੈਕੰ. ਸਕੂਲ, ਅਜਨਾਲਾ(ਅੰਮ੍ਰਿਤਸਰ) | 31 | ਸ਼੍ਰੀ ਪਾਰਵਤੀ ਜੈਨ ਕੋ.ਐਜੂਕੇਸ਼ਨ ਸੀਨੀ.ਸੈਕੰ.ਸਕੂਲ, ਵਿਜੇ ਨਗਰ,ਜਲੰਧਰ |
| 2 | ਪੰਜਾਬ ਸਕੂਲ ਸਿੱਖਿਆ ਬੋਰਡ, ਖੇਤਰੀ ਡਿਪੂ, ਅੰਮ੍ਰਿਤਸਰ | 32 | ਪੰਜਾਬ ਸਕੂਲ ਸਿੱਖਿਆ ਬੋਰਡ, ਖੇਤਰੀ ਡਿਪੂ, ਕਪੂਰਥਲਾ |
| 3 | ਜੀ.ਟੀ.ਬੀ.ਖਾਲਸਾ ਸੀਨੀ. ਸੈਕੰ. ਸਕੂਲ, ਬਾਬਾ ਬਕਾਲਾ(ਅੰਮ੍ਰਿਤਸਰ) | 33 | ਸਰਕਾਰੀ ਕੰਨਿਆਂ ਸੀਨੀ. ਸੈਕੰ. ਸਕੂਲ, ਫਗਵਾੜਾ(ਕਪੂਰਥਲਾ) |
| 4 | ਸਰਕਾਰੀ ਸਾਰਾਗੜ੍ਹੀ ਮੈਮੋਰੀਅਲ ਸੈਕੰ.ਸਕੂਲ, ਅੰਮ੍ਰਿਤਸਰ | 34 | ਪੰਜਾਬ ਸਕੂਲ ਸਿੱਖਿਆ ਬੋਰਡ, ਖੇਤਰੀ ਡਿਪੂ, ਲੁਧਿਆਣਾ |
| 5 | ਸਰਕਾਰੀ ਸੀਨੀ.ਸੈਕੰ.ਸਕੂਲ(ਲੜਕੇ),ਪੱਟੀ(ਤਰਨਤਾਰਨ) | 35 | ਸਰਕਾਰੀ ਸੀਨੀ. ਸੈਕੰ. ਸਕੂਲ, ਜਗਰਾਉਂ(ਲੁਧਿਆਣਾ) |
| 6 | ਸਰਕਾਰੀ ਸੀਨੀ. ਸੈਕੰ. ਸਕੂਲ(ਲੜਕੇ), ਤਰਨਤਾਰਨ | 36 | ਸਰਕਾਰੀ ਸੀਨੀ. ਸੈਕੰ ਸਕੂਲ (ਕੰਨਿਆਂ) ਸਮਰਾਲਾ(ਲੁਧਿਆਣਾ) |
| 7 | ਪੰਜਾਬ ਸਕੂਲ ਸਿੱਖਿਆ ਬੋਰਡ, ਖੇਤਰੀ ਡਿਪੂ, ਬਠਿੰਡਾ | 37 | ਸਰਕਾਰੀ ਕੰਨਿਆਂ ਸੀਨੀ. ਸੈਕੰ. ਸਕੂਲ, ਖੰਨਾ(ਲੁਧਿਆਣਾ) |
| 8 | ਸਰਕਾਰੀ ਸੀਨੀ. ਸੈਕੰ. ਸਕੂਲ, ਮੰਡੀ ਫੂਲ(ਬਠਿੰਡਾ) | 38 | ਪੰਜਾਬ ਸਕੂਲ ਸਿੱਖਿਆ ਬੋਰਡ, ਖੇਤਰੀ ਡਿਪੂ, ਮੋਗਾ |
| 9 | ਪੰਜਾਬ ਸਕੂਲ ਸਿੱਖਿਆ ਬੋਰਡ, ਖੇਤਰੀ ਡਿਪੂ,ਫਤਿਹਗੜ੍ਹ ਸਾਹਿਬ | 39 | ਸਰਕਾਰੀ ਮਾਡਲ ਸੀਨੀ. ਸੈਕੰ. ਸਕੂਲ (ਲੜਕੇ) ਬਾਘਾਪੁਰਾਣਾ(ਮੋਗਾ) |
| 10 | ਡਾ.ਹਰੀ ਸਿੰਘ ਸੇਵਕ ਸਰਕਾਰੀ ਸੀਨੀ. ਸੈਕੰ. ਸਕੂਲ (ਲੜਕੇ) ਕੋਟਕਪੂਰਾ(ਫਰੀਦਕੋਟ) | 40 | ਸਰਕਾਰੀ ਸੀਨੀ.ਸੈਕੰ.ਸਕੂਲ,ਨਿਹਾਲ ਸਿੰਘ ਵਾਲਾ(ਮੋਗਾ) |
| 11 | ਪੰਜਾਬ ਸਕੂਲ ਸਿੱਖਿਆ ਬੋਰਡ, ਖੇਤਰੀ ਡਿਪੂ, ਫਰੀਦਕੋਟ | 41 | ਪੰਜਾਬ ਸਕੂਲ ਸਿੱਖਿਆ ਬੋਰਡ, ਖੇਤਰੀ ਡਿਪੂ, ਸ੍ਰੀ ਮੁਕਤਸਰ ਸਾਹਿਬ |
| 12 | ਪੰਜਾਬ ਸਕੂਲ ਸਿੱਖਿਆ ਬੋਰਡ, ਖੇਤਰੀ ਡਿਪੂ, ਅਬੋਹਰ(ਫਾਜ਼ਿਲਕਾ) | 42 | ਸਰਕਾਰੀ ਸੀਨੀ. ਸੈਕੰ.ਸਕੂਲ, (ਲੜਕੇ) ਮਲੋਟ(ਸ੍ਰੀ ਮੁਕਤਸਰ ਸਾਹਿਬ) |
| 13 | ਸਰਕਾਰੀ ਸੀਨੀ. ਸੈਕੰ. ਸਕੂਲ (ਲੜਕੀਆਂ), ਫਾਜ਼ਿਲਕਾ | 43 | ਪੰਜਾਬ ਸਕੂਲ ਸਿੱਖਿਆ ਬੋਰਡ, ਖੇਤਰੀ ਡਿਪੂ, ਮਾਨਸਾ |
| 14 | ਸਰਕਾਰੀ(ਕੰ) ਸੀਨੀ.ਸੈਕੰ.ਸਕੂਲ,ਜਲਾਲਾਬਾਦ ਪੱਛਮੀ(ਫਾਜ਼ਿਲਕਾ) | 44 | ਸਰਕਾਰੀ ਸੀਨੀ. ਸੈਕੰ ਸਕੂਲ (ਲੜਕੇ) ,ਸਰਦੂਲਗੜ੍ਹ(ਮਾਨਸਾ) |
| 15 | ਜੇ.ਐਮ.ਸਰਕਾਰੀ ਮਾਡਲ ਸੀਨੀ. ਸੈਕੰ. ਸਕੂਲ, ਜੀਰਾ(ਫਿਰੋਜ਼ਪੁਰ) | 45 | ਸਰਕਾਰੀ(ਕੰ) ਸੀਨੀ.ਸੈਕੰ.ਸਕੂਲ,ਬੁਢਲਾਡਾ(ਮਾਨਸਾ) |
| 16 | ਪੰਜਾਬ ਸਕੂਲ ਸਿੱਖਿਆ ਬੋਰਡ, ਖੇਤਰੀ ਡਿਪੂ, ਫਿਰੋਜ਼ਪੁਰ | 46 | ਪੰਜਾਬ ਸਕੂਲ ਸਿੱਖਿਆ ਬੋਰਡ, ਖੇਤਰੀ ਡਿਪੂ, ਖਟਕੜ ਕਲਾਂ(ਸ਼ਹੀਦ ਭਗਤ ਸਿੰਘ ਨਗਰ) |
| 17 | ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ) , ਗੁਰੂ ਹਰਸਹਾਏ (ਫਿਰੋਜ਼ਪੁਰ) | 47 | ਪੰਜਾਬ ਸਕੂਲ ਸਿੱਖਿਆ ਬੋਰਡ, ਖੇਤਰੀ ਡਿਪੂ, ਪਟਿਆਲਾ |
| 18 | ਪੰਜਾਬ ਸਕੂਲ ਸਿੱਖਿਆ ਬੋਰਡ, ਖੇਤਰੀ ਡਿਪੂ, ਪਠਾਨਕੋਟ | 48 | ਸਰਕਾਰੀ ਕੋ ਐਜੂ ਸੀਨੀ. ਸੈਕੰ. ਸਕੂਲ, ਐਨ.ਟੀ.ਸੀ ਰਾਜਪੁਰਾ(ਪਟਿਆਲਾ) |
| 19 | ਸਰਕਾਰੀ ਸੀਨੀ.ਸੈਕੰ.ਸਕੂਲ,ਧਾਰ ਕਲਾਂ(ਪਠਾਨਕੋਟ) | 49 | ਸਰਕਾਰੀ ਸੀਨੀ. ਸੈਕੰ. ਸਕੂਲ (ਲੜਕੇ), ਸਮਾਣਾ(ਪਟਿਆਲਾ) |
| 20 | ਸਰਕਾਰੀ ਸੀਨੀ.ਸੈਕੰ.ਸਕੂਲ(ਲੜਕੇ),ਤਾਰਾਗੜ੍ਹ(ਪਠਾਨਕੋਟ) | 50 | ਸਰਕਾਰੀ ਸੀਨੀ. ਸੈਕੰ. ਸਕੂਲ (ਕੰਨਿਆਂ), ਨਾਭਾ(ਪਟਿਆਲਾ) |
| 21 | ਪੰਜਾਬ ਸਕੂਲ ਸਿੱਖਿਆ ਬੋਰਡ, ਖੇਤਰੀ ਡਿਪੂ, ਗੁਰਦਾਸਪੁਰ | 51 | ਸਰਕਾਰੀ ਸੀਨੀ.ਸੈਕੰ.ਸਕੂਲ,ਪਾਤੜਾਂ(ਪਟਿਆਲਾ) |
| 22 | ਸਰਕਾਰੀ ਕੰਨਿਆਂ ਸੀਨੀ. ਸੈਕੰ. ਸਕੂਲ, ਬਟਾਲਾ(ਗੁਰਦਾਸਪੁਰ) | 52 | ਪੰਜਾਬ ਸਕੂਲ ਸਿੱਖਿਆ ਬੋਰਡ, ਖੇਤਰੀ ਡਿਪੂ, ਰੂਪ ਨਗਰ |
| 23 | ਸਰਕਾਰੀ ਸੀਨੀ. ਸੈਕੰ. ਸਕੂਲ (ਲੜਕੇ), ਡੇਰਾ ਬਾਬਾ ਨਾਨਕ (ਗੁਰਦਾਸਪੁਰ) | 53 | ਸਰਕਾਰੀ ਕੰਨਿਆਂ ਸੀਨੀ. ਸੈਕੰ ਸਕੂਲ, ਆਨੰਦਪੁਰ ਸਾਹਿਬ(ਰੂਪ ਨਗਰ) |
| 24 | ਏ.ਐਸ.ਸੀਨੀ..ਸੈਕੰ. ਸਕੂਲ, ਮੁਕੇਰੀਆਂ(ਹੁਸ਼ਿਆਰਪੁਰ) | 54 | ਪੰਜਾਬ ਸਕੂਲ ਸਿੱਖਿਆ ਬੋਰਡ, ਮੁੱਖ ਦਫਤਰ, ਮੋਹਾਲੀ |
| 25 | ਸਰਕਾਰੀ ਸੀਨੀ. ਸੈਕੰ. ਸਕੂਲ, ਟਾਂਡਾ ਉੜਮੁੜ(ਹੁਸ਼ਿਆਰਪੁਰ) | 55 | ਸਰਕਾਰੀ ਸੀਨੀ.ਸੈਕੰ. ਸਕੂਲ, ਡੇਰਾਬਸੀ(ਐਸ.ਏ.ਐਸ ਨਗਰ) |
| 26 | ਪੰਜਾਬ ਸਕੂਲ ਸਿੱਖਿਆ ਬੋਰਡ, ਖੇਤਰੀ ਡਿਪੂ, ਹੁਸ਼ਿਆਰਪੁਰ | 56 | ਪੰਜਾਬ ਸਕੂਲ ਸਿੱਖਿਆ ਬੋਰਡ, ਖੇਤਰੀ ਡਿਪੂ, ਸੰਗਰੂਰ |
| 27 | ਸਰਕਾਰੀ ਸੀਨੀ. ਸੈਕੰ. ਸਕੂਲ, ਗੜ੍ਹਸ਼ੰਕਰ(ਹੁਸ਼ਿਆਰਪੁਰ) | 57 | ਸਰਕਾਰੀ ਸੀਨੀ.ਸੈਕੰ. ਸਕੂਲ (ਲੜਕੇ) ਮਲੇਰਕੋਟਲਾ(ਸੰਗਰੂਰ) |
| 28 | ਪੰਜਾਬ ਸਕੂਲ ਸਿੱਖਿਆ ਬੋਰਡ, ਖੇਤਰੀ ਡਿਪੂ, ਜਲੰਧਰ | 58 | ਪੰਜਾਬ ਸਕੂਲ ਸਿੱਖਿਆ ਬੋਰਡ, ਖੇਤਰੀ ਸਬ ਡਿਪੂ, ਮੂਣਕ(ਸੰਗਰੂਰ) |
| 29 | ਸਰਕਾਰੀ ਸੀਨੀ.ਸੈਕੰ.ਸਕੂਲ (ਲੜਕੇ), ਨਕੋਦਰ(ਜਲੰਧਰ) | 59 | ਸਰਕਾਰੀ ਸੀਨੀ.ਸੈਕੰ. ਸਕੂਲ(ਲੜਕੇ), ਬਰਨਾਲਾ |
| 30 | ਸਰਕਾਰੀ ਕੰਨਿਆਂ ਸੀਨੀ. ਸੈਕੰ. ਸਕੂਲ, ਫਿਲੌਰ(ਜਲੰਧਰ) | | |

-ਪਰਤੋਂ ਜੀ-

1. ਬੋਰਡ ਵੱਲੋਂ ਉਪਰੋਕਤ ਅਨੁਸਾਰ ਇਕੱਤਰ ਕੇਂਦਰ ਬਣਾਏ ਗਏ ਹਨ। ਜੇਕਰ ਸਬੰਧਤ ਜ਼ਿਲ੍ਹੇ ਦਾ ਇਕੱਤਰ ਕੇਂਦਰ ਦੂਰ ਹੈ ਅਤੇ ਦੂਜੇ ਜ਼ਿਲ੍ਹੇ ਦਾ ਇਕੱਤਰ ਕੇਂਦਰ ਨਜਦੀਕ ਹੈ ਤਾਂ ਦੂਜੇ ਜ਼ਿਲ੍ਹੇ ਦੇ ਇਕੱਤਰ ਕੇਂਦਰ ਵਿੱਚ ਉੱਤਰ-ਪੱਤਰੀਆਂ ਦੇ ਪੈਕਟ ਜਮ੍ਹਾਂ ਕਰਵਾਏ ਜਾ ਸਕਦੇ ਹਨ। ਇਹ ਯਕੀਨੀ ਬਣਾਇਆ ਜਾਵੇ ਕਿ ਪਹਿਲੇ ਦਿਨ ਜਿਸ ਇਕੱਤਰ ਕੇਂਦਰ ਤੇ ਪੈਕਟ ਜਮ੍ਹਾਂ ਕਰਵਾਏ ਗਏ ਹਨ, ਬਾਕੀ ਪੈਕਟ ਵੀ ਉੱਥੇ ਹੀ ਜਮ੍ਹਾਂ ਕਰਵਾਏ ਜਾਣ।
2. ਕੇਂਦਰ ਸੁਪਰਡੰਟ ਜਾਂ ਕੇਂਦਰ ਸੁਪਰਡੰਟ ਵੱਲੋਂ ਅਧਿਕਾਰਤ ਕਰਮਚਾਰੀ ਵੱਲੋਂ ਹੀ ਉੱਤਰ-ਪੱਤਰੀਆਂ ਦੇ ਪੈਕਟ ਸਮੇਂ ਸਿਰ ਜਮ੍ਹਾਂ ਕਰਵਾਏ ਜਾਣਗੇ। ਜੇਕਰ ਉੱਤਰ-ਪੱਤਰੀਆਂ ਦੇ ਪੈਕਟ ਜਮ੍ਹਾਂ ਕਰਵਾਉਣ ਵਿੱਚ ਦੇਰੀ ਹੋ ਜਾਂਦੀ ਹੈ ਤਾਂ ਇਸ ਸਬੰਧੀ ਨਿਮਨ-ਹਸਤਾਖਰੀ ਨੂੰ ਸੂਚਿਤ ਕੀਤਾ ਜਾਵੇ। ਕੇਂਦਰ ਸੁਪਰਡੰਟ ਆਪਣੇ ਸਪੱਸ਼ਟੀਕਰਨ ਸਮੇਤ ਇਹ ਪੈਕਟ ਮੁੱਖ ਦਫਤਰ ਵਿੱਚ ਜਮ੍ਹਾਂ ਕਰਵਾਉਣਗੇ।
3. ਯੂ.ਐਮ.ਸੀ ਕੇਸਾਂ ਦੀਆਂ ਉੱਤਰ-ਪੱਤਰੀਆਂ ਦੇ ਹਰੇ ਰੰਗ ਦੇ ਸੀਲ ਬੰਦ ਲਿਫਾਫੇ ਵੱਖਰੇ ਤੌਰ ਤੇ ਇਕੱਤਰ ਕੇਂਦਰ ਵਿੱਚ ਜਮ੍ਹਾਂ ਕਰਵਾਏ ਜਾਣ।
4. ਸਟਰੇਅ ਅਤੇ ਵਿਲੱਖਣ ਸਮਰੱਥਾ ਭਾਵ Hearing Impaired(HI), Mentally Retarded(MR) ਅਤੇ Visually Impaired(VI) ਪ੍ਰੀਖਿਆਰਥੀਆਂ ਨੂੰ ਜਾਰੀ DA ਕੋਡ ਪ੍ਰਸ਼ਨ-ਪੱਤਰਾਂ ਨਾਲ ਸਬੰਧਤ ਉੱਤਰ-ਪੱਤਰੀਆਂ ਦੇ ਵੱਖਰੇ-ਵੱਖਰੇ ਸੀਲ ਬੰਦ ਪੈਕਟ ਬਣਾਏ ਜਾਣ।
5. ਹਸਤਾਖਰ ਚਾਰਟਾਂ ਦੇ ਸੀਲ ਬੰਦ ਪੈਕਟ ਵੱਖਰੇ ਤੌਰ ਤੇ ਉੱਤਰ-ਪੱਤਰੀਆਂ ਦੇ ਪੈਕਟਾਂ ਨਾਲ ਇਕੱਤਰ ਕੇਂਦਰ ਵਿੱਚ ਜਮ੍ਹਾਂ ਕਰਵਾਏ ਜਾਣ।
6. ਉੱਤਰ-ਪੱਤਰੀਆਂ ਦੇ ਪੈਕਟ ਜਮ੍ਹਾਂ ਕਰਵਾਉਣ ਤੋਂ ਪਹਿਲਾਂ ਡੇਟਸ਼ੀਟ ਨੂੰ ਚੰਗੀ ਤਰ੍ਹਾਂ ਵਾਚ ਲਿਆ ਜਾਵੇ ।
7. ਦਸਵੀਂ/ਬਾਰ੍ਹਵੀਂ ਅਤੇ ਹਰ ਇੱਕ ਵਿਸ਼ੇ ਦੇ ਵੱਖਰੇ-ਵੱਖਰੇ ਪੈਕਟ ਬਣਾਏ ਜਾਣ ਭਾਵ ਸਾਂਝਾ ਪੈਕਟ ਨਾ ਬਣਾਇਆ ਜਾਵੇ।
8. ਜੇਕਰ ਕਿਸੇ ਵਿਸ਼ੇ ਦੇ ਘੱਟ ਪ੍ਰੀਖਿਆਰਥੀ ਹਨ ਅਤੇ ਉਹਨਾਂ ਵਿੱਚੋਂ ਕੋਈ ਵੀ ਹਾਜ਼ਰ ਨਹੀਂ ਹੁੰਦੇ ਤਾਂ ਨਿਲ ਦਾ ਮੀਮੋ ਬਣਾ ਕੇ ਭੇਜਿਆ ਜਾਵੇ।
9. ਜੇਕਰ ਕਿਸੇ ਵਿਸ਼ੇ ਦੀ ਪ੍ਰੀਖਿਆ ਦਾ ਸਮਾਂ ਆਮ ਪ੍ਰੀਖਿਆਵਾਂ ਦੇ ਸਮੇਂ ਨਾਲੋਂ ਘੱਟ-ਵੱਧ ਹੈ ਤਾਂ ਇਸ ਸਬੰਧੀ ਇੱਕ ਦਿਨ ਪਹਿਲਾਂ ਇਕੱਤਰ ਕੇਂਦਰ ਦੇ ਕਰਮਚਾਰੀ ਨਾਲ ਸੰਪਰਕ ਕੀਤਾ ਜਾਵੇ।
10. ਉੱਤਰ-ਪੱਤਰੀਆਂ ਦੇ ਪੈਕਟਾਂ ਤੇ ਕੇਂਦਰ ਦਾ ਨਾਂ, ਜ਼ਿਲ੍ਹੇ ਦਾ ਨਾਂ, ਸ਼੍ਰੇਣੀ, ਉੱਤਰ-ਪੱਤਰੀਆਂ ਦੀ ਗਿਣਤੀ , ਵਿਸ਼ਾ ਕੋਡ ਅਤੇ ਮਿਤੀ ਜ਼ਰੂਰ ਲਿਖਿਆ ਜਾਵੇ।
11. ਅਣਵਰਤੇ ਪ੍ਰਸ਼ਨ-ਪੱਤਰ ਉੱਤਰ-ਪੱਤਰੀਆਂ ਦੇ ਨਾਲ ਹੀ ਪੈਕ ਕੀਤੇ ਜਾਣ। ਇਹਨਾਂ ਦਾ ਵੱਖਰਾ ਪੈਕਟ ਨਾ ਬਣਾਇਆ ਜਾਵੇ।
12. ਦਸਵੀਂ ਸ਼੍ਰੇਣੀ ਦੇ ਮਿਤੀ 26-3-19 ਅਤੇ 02-04-19 ਦੇ ਸਿਰਫ ਓਪਨ ਸਕੂਲ ਪ੍ਰਣਾਲੀ,ਵਾਧੂ ਵਿਸ਼ਾ ਕੈਟਾਗਰੀ ਅਤੇ ਡੀ.ਏ ਕੋਡ ਪ੍ਰਸ਼ਨ ਪੱਤਰਾਂ ਨਾਲ ਸਬੰਧਤ ਉੱਤਰ-ਪੱਤਰੀਆਂ ਹੀ ਇਕੱਤਰ ਕੇਂਦਰ ਤੇ ਜਮ੍ਹਾਂ ਕਰਵਾਈਆਂ ਜਾਣ।
13. ਬਾਰ੍ਹਵੀਂ ਸ਼੍ਰੇਣੀ ਦੇ ਸਾਰੇ ਵਿਸ਼ਿਆਂ ਦੀਆਂ ਉੱਤਰ-ਪੱਤਰੀਆਂ ਇਕੱਤਰ ਕੇਂਦਰ ਤੇ ਜਮ੍ਹਾਂ ਕਰਵਾਉਣੀਆਂ ਹਨ।

ਸਹਾਇਕ ਸਕੱਤਰ (ਗੁਪਤ-1)
ਵਾ:ਸਕੱਤਰ,ਪੰਜਾਬ ਸਕੂਲ ਸਿੱਖਿਆ ਬੋਰਡ

ਸਹਾਇਕ ਸਕੱਤਰ(ਦਸਵੀਂ)-0172-5227323
ਸਹਾਇਕ ਸਕੱਤਰ(ਬਾਰ੍ਹਵੀਂ)-0172-5227322